**ਪੰਜਾਬ ਸਕੂਲ ਸਿੱਖਿਆ ਬੋਰਡ** **ਈ-1ਬੀ (10000)**

**ਵੱਲੋਂ**
**ਸਕੱਤਰ**
**ਪੰਜਾਬ ਸਕੂਲ ਸਿੱਖਿਆ ਬੋਰਡ,**
**ਐਸ.ਏ.ਐਸ. ਨਗਰ(ਮੋਹਾਲੀ)160062**

**ਵੱਲ**
**ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ,**
**ਸਰਕਾਰੀ/ਏਡਿਡ/ਐਫੀਲੀਏਟਿਡ/ਐਸੋਸੀਏਟਿਡ**
**ਸੀਨੀ.ਸੈਕੰ.ਸਕੂਲ**

**ਪੱਤਰ ਨੰ: ਪਸਸਬ-ਰਜਿ/ਮਾਈ2013-2014/39701-49700** **ਮਿਤੀ:ਮੋਹਾਲੀ-21-03-2013**

**ਵਿਸ਼ਾ:- ਸਾਲ/ਸੈਸ਼ਨ 2013-2014 ਲਈ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨਾਂ ਭੇਜਣ ਸਬੰਧੀ।**

ਸ੍ਰੀਮਾਨ / ਸ੍ਰੀਮਤੀ ਜੀ,

ਜਿਹੜੇ ਵਿਦਿਆਰਥੀ ਸਾਲ/ਸੈਸ਼ਨ 2013-14 ਵਿੱਚ ਬਾਰ੍ਹਵੀਂ ਸ਼੍ਰੇਣੀ ਦੀ ਪਰੀਖਿਆ ਦੇਣਗੇ ਉਹਨਾਂ ਦਾ ਰਜਿ ਨੰ: ਲੱਗਿਆ ਹੋਣਾ ਜ਼ਰੂਰੀ ਹੈ। ਬਾਹਰਲੇ ਬੋਰਡ ਦੇ ਜਿਹੜੇ ਵਿਦਿਆਰਥੀ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਕੀਤੇ ਗਏ ਹਨ, ਰਜਿਸਟਰਡ ਨਹੀਂ ਹੋਏ ਅਤੇ ਦਾਖਲਾ ਯੋਗਤਾ ਪੂਰੀ ਕਰਦੇ ਹਨ। ਅਜਿਹੇ ਵਿਦਿਆਰਥੀਆਂ ਦੀ ਨਵੀਂ ਰਜਿਸਟਰੇਸ਼ਨ ਹੋਣੀ ਹੈ। ਇਹ ਰਿਟਰਨਾਂ ਲੜੀ ਨੰ: 13 ਤੇ ਦਰਸਾਏ ਸ਼ਡਿਊਲ ਅਨੁਸਾਰ ਮੁੱਖ ਦਫਤਰ ਜਾਂ ਜਿਲ੍ਹਾ ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਲੋੜੀਂਦੀ ਫੀਸ ਸਮੇਤ ਪਹੁੰਚ ਜਾਣੀਆਂ ਚਾਹੀਦੀਆਂ ਹਨ।

**(ਰਿਟਰਨ ਫਾਰਮ ਭਰਨ ਲਈ ਇੱਕ ਵਿਦਿਆਰਥੀ ਲਈ ਇੱਕ ਲਾਈਨ ਪੰਜਾਬੀ ਵਿੱਚ ਅਤੇ ਇੱਕ ਲਾਈਨ ਅੰਗਰੇਜੀ ਦੇ ਵੱਡੇ ਅੱਖਰਾਂ ਲਈ ਵਰਤੀ ਜਾਵੇ)**

**ਜਰੂਰੀ ਨੋਟ** :- ਰਜਿ: ਰਿਟਰਨ ਵਿੱਚ ਦਰਜ ਵਿਦਿਆਰਥੀ/ ਵਿਦਿਆਰਥੀਆਂ ਜਿਹਨਾਂ ਨੂੰ ਇਸ ਦਫਤਰ ਵੱਲੋਂ ਰਜਿ: ਨੰ: ਅਲਾਟ ਕੀਤਾ ਜਾਣਾ ਹੈ, ਦੇ ਦਾਖਲੇ ਨਾਲ ਸਬੰਧਤ ਲੋੜੀਂਦੇ ਦਸਤਾਵੇਜ਼ ਜਿਹਨਾਂ ਦੇ ਅਧਾਰ ਤੇ ਦਾਖਲਾ ਦਿੱਤਾ ਗਿਆ ਹੈ, ਰਜਿ: ਰਿਟਰਨ ਦੇ ਨਾਲ ਹੀ ਹਰ ਹਾਲਤ ਵਿੱਚ ਨੱਥੀ ਕਰਕੇ ਭੇਜੇ ਜਾਣ। **ਇਸ ਸਬੰਧੀ ਜੇਕਰ ਦਫਤਰ ਵੱਲੋਂ ਪੱਤਰ ਵਿਹਾਰ ਨਹੀਂ ਕੀਤਾ ਜਾਂਦਾ ਹੈ, ਤਾਂ ਵੀ ਦਸਤਾਵੇਜ਼ ਭੇਜਣ ਸਬੰਧੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।**

**(ੳ)** ਫਾਰਮ ਨੰ: ਈ-1(ਗਿਆਰ੍ਹਵੀਂ ਸ਼੍ਰੇਣੀ) ਦੀ ਇੱਕ ਪਰਤ **(ਅ)** ਈ-2(ਗਿਆਰ੍ਹਵੀਂ ਸ਼੍ਰੇਣੀ) ਦੀਆਂ ਦੋ ਪਰਤਾਂ ਭੇਜੀਆਂ ਜਾਣ
**(ੲ)** ਟੀ-2 (ਬਾਰ੍ਹਵੀਂ ਸ਼੍ਰੇਣੀ) ਦੀਆਂ ਤਿੰਨ ਪਰਤਾਂ ਭੇਜੀਆਂ ਜਾਣ

**<u>ਰਿਟਰਨ ਫਾਰਮ ਭਰਨ ਤੋਂ ਪਹਿਲਾਂ ਨਿਮਨਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ।</u>**

1. ਫਾਰਮ ਨੰ: ਈ-1, ਜਿਨ੍ਹਾਂ ਵਿਦਿਆਰਥੀਆਂ ਦੀ ਅੱਠਵੀਂ/ਦਸਵੀਂ ਸ਼੍ਰੇਣੀ ਵਿੱਚ ਰਜਿਸਟਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕੀਤੀ ਗਈ ਹੈ, ਉਨ੍ਹਾਂ ਵਿਦਿਆਰਥੀਆਂ ਦੇ ਵੇਰਵੇ ਫਾਰਮ ਈ-1 ਗਿਆਰ੍ਹਵੀਂ ਸ਼੍ਰੇਣੀ ਵਿੱਚ ਭਰੇ ਜਾਣ। ਇਨ੍ਹਾਂ ਵਿਦਿਆਰਥੀਆਂ ਦੀ ਕੰਟੀਨਿਊਏਸ਼ਨ ਫੀਸ 100/- ਰੁ: ਪ੍ਰਤੀ ਵਿਦਿਆਰਥੀ ਹੋਵੇਗੀ।
2. ਫਾਰਮ ਨੰ: ਈ-2/ਟੀ-2 , ਦੂਜੇ ਰਾਜ ਦੇ ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਵੇਰਵੇ ਈ-2 ਅਤੇ ਟੀ-2 ਵਿੱਚ ਭਰੇ ਜਾਣ ਅਤੇ ਇਨ੍ਹਾਂ ਵਿਦਿਆਰਥੀਆਂ ਦੇ ਮਾਈਗਰੇਸ਼ਨ ਸਰਟੀਫਿਕੇਟ ਅਸਲ (ਜਿਥੇ ਲਾਗੂ ਹੋਵੇ), ਸਕੂਲ ਛੱਡਣ ਦਾ ਸਰਟੀਫਿਕੇਟ ਅਤੇ ਦੱਸਵੀਂ / ਗਿਆਰ੍ਹਵੀਂ ਪਰੀਖਿਆ ਪਾਸ ਸਬੰਧੀ ਸਰਟੀਫਿਕੇਟ (ਨਤੀਜਾ ਕਾਰਡ ) ਦੀ ਸਬੰਧਤ ਸਕੂਲ ਮੁੱਖੀ ਵੱਲੋਂ ਫੋਟੋ ਸਟੈਟ ਤਸਦੀਕ ਸ਼ੁਦਾ ਕਾਪੀ ਅਤੇ ਦਾਖਲੇ ਲਈ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਜਾਰੀ ਸਮਾਨਤਾ ਪੱਤਰ ਯੋਗਤਾ ਚੈੱਕ ਕਰਨ ਲਈ ਰਿਟਰਨ ਫਾਰਮ ਨਾਲ ਭੇਜੇ ਜਾਣ। ਹੇਠਲੀ ਪਰੀਖਿਆ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਬੋਰਡਾਂ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛੱਡ ਕੇ ਬਾਕੀ ਰਾਜਾਂ ਦੇ ਬੋਰਡ ਵਾਲੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਬੋਰਡ ਦੀ ਅਕਾਦਮਿਕ ਸ਼ਾਖਾ ਤੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਰਜਿਸਟਰੇਸ਼ਨ ਰਿਟਰਨਾ ਦੇ ਨਾਲ ਭੇਜੇ ਜਾਣ। ਲੋੜ ਪੈਣ ਤੇ ਅਸਲ ਦਸਤਾਵੇਜ਼ ਵੀ ਮੰਗਵਾਏ ਜਾ ਸਕਦੇ ਹਨ। ਜਿਨ੍ਹਾਂ ਰਾਜਾਂ ਵਿੱਚ ਦਸਵੀਂ ਗਿਆਰ੍ਹਵੀਂ ਦੀ ਪਰੀਖਿਆ ਸਕੂਲ / ਕਾਲਜ ਪੱਧਰ ਤੇ ਲਈ ਜਾਂਦੀ ਹੈ, ਭਾਵ ਸਬੰਧਤ ਬੋਰਡ ਵੱਲੋਂ ਪਰੀਖਿਆ ਨਹੀਂ ਲਈ ਜਾਂਦੀ, ਉਨ੍ਹਾਂ ਵਿਦਿਆਰਥੀਆਂ ਦੇ ਅਸਲ ਸਕੂਲ ਲੀਵਿੰਗ ਸਰਟੀਫਿਕੇਟ /ਟਰਾਂਸਫਰ ਸਰਟੀਫਿਕੇਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ/ ਸੀ.ਬੀ.ਐਸ.ਈ,ਆਈ.ਸੀ.ਐਸ.ਈ ਦੇ ਸਮਰੱਥ ਅਧਿਕਾਰੀ ਤੋਂ ਕਾਊਂਟਰ ਸਾਈਨ ਹੋਣੇ ਚਾਹੀਦੇ ਹਨ ਤਦ ਹੀ ਅਜਿਹੇ ਵਿਦਿਆਰਥੀਆਂ ਨੂੰ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਕੀਤਾ ਜਾਵੇ। ਦੂਜੇ ਰਾਜ/ਬੋਰਡ ਤੋ ਆਉਣ ਵਾਲੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਫੀਸ 1000/-**ਰੁ:** ਹੋਵੇਗੀ।
3. ਬਾਰ੍ਹਵੀਂ ਸ਼੍ਰੇਣੀ ਵਿੱਚ ਉਹ ਹੀ ਵਿਦਿਆਰਥੀ ਦਾਖਲ ਕੀਤਾ ਜਾਵੇ ਜਿਸ ਨੇ ਗਿਆਰ੍ਹਵੀਂ ਸ਼੍ਰੇਣੀ ਸਰਕਾਰੀ, ਏਡਿਡ/ਐਫੀਲਿਏਟਿਡ ਅਤੇ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ।
4. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ। ਅਯੋਗ ਵਿਦਿਆਰਥੀ ਦਾ ਦਾਖਲਾ ਸਬੰਧਤ ਸਕੂਲ/ਬੋਰਡ ਲਈ ਗੰਭੀਰ ਔਂਕੜਾਂ ਪੈਦਾ ਕਰ ਸਕਦਾ ਹੈ। ਬਾਅਦ ਵਿਚ ਅਜਿਹੇ ਕੇਸ ਸਭਨਾਂ ਲਈ ਕਾਨੂੰਨੀ ਮਸਲੇ ਖੜੇ ਕਰ ਦਿੰਦੇ ਹਨ।

5. ਦਾਖਲਾ ਅਕਾਦਮਿਕ ਸ਼ਾਖਾ ਵਲੋਂ ਜਾਰੀ ਕੀਤੇ ਦਾਖਲਾ ਮਿਤੀਆਂ ਦੇ ਸ਼ਡਿਊਲ ਅਨੁਸਾਰ ਹੀ ਕੀਤਾ ਜਾਵੇ।

6. ਬੋਰਡ ਵਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡਾਂ ਤੋਂ ਪੜਦੇ ਆ ਰਹੇ ਵਿਦਿਆਰਥੀ ਕਿਸੇ ਵੀ ਸੂਰਤ ਵਿੱਚ ਗਿਆਰਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਬੋਰਡ ਤੋਂ ਲੇਟ ਦਾਖਲਾ/ਇੰਟਰ ਬੋਰਡ ਮਾਈਗਰੇਸ਼ਨ ਫਾਰਮ ਤੇ ਰਜਿਸਟਰੇਸ਼ਨ ਸ਼ਾਖਾ ਵੱਲੋਂ ਪੂਰਵ ਪ੍ਰਵਾਨਗੀ ਲਏ ਬਿਨਾਂ ਦਾਖਲ ਨਾ ਕੀਤੇ ਜਾਣ। ਇੰਟਰ ਬੋਰਡ ਮਾਈਗਰੇਸ਼ਨ ਫੀਸ 1000/- ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ ।

7. ਦੂਜੇ ਰਾਜ/ਬੋਰਡ/ਸਮੂਹ ਨੈਸ਼ਨਲ ਓਪਨ ਸਕੂਲ ਜਿਸ ਦੀ ਮੈਟ੍ਰਿਕ ਪਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕ ਪਰੀਖਿਆ ਦੇ ਬਰਾਬਰ ਮੰਨੀ ਜਾਂਦੀ ਹੋਵੇ, ਦੇ ਕੰਪਾਰਟਮੈਂਟ/ਰੀ-ਅਪੀਅਰ ਵਿਦਿਆਰਥੀ ਰਾਜ ਦੇ ਸਰਕਾਰੀ/ਏਡਿਡ/ ਐਫਿਲੀਏਟਿਡ/ਐਸੋਸੀਏਟਿਡ ਸਕੂਲਾਂ ਵਿਚ +1 ਸ਼੍ਰੇਣੀ ਵਿਚ ਰੈਗੂਲਰ ਵਿਦਿਆਰਥੀ ਵਜੋਂ ਦਾਖਲੇ ਲਈ ਯੋਗ ਹਨ, ਬਸ਼ਰਤੇ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਵਿਨਿਯਮਾਂ ਵਿਚ ਦਰਜ਼ ਉਪਬੰਧ ਵਾਂਗ ਮੈਟ੍ਰਿਕ ਪਰੀਖਿਆ ਪਹਿਲੇ ਦੋ ਮੌਕਿਆਂ ਵਿਚ ਪਾਸ ਕਰ ਲੈਂਦੇ ਹਨ। ਜੇਕਰ ਵਿਦਿਆਰਥੀ ਤੀਜੇ ਚਾਂਸ ਵਿੱਚ ਦਸਵੀਂ ਕਰਦਾ ਹੈ ਤਾਂ ਉਸ ਦੀ ਪਾਸ ਕੀਤੀ ਗਿਆਰ੍ਹਵੀਂ ਸ਼੍ਰੇਣੀ ਚਾਲੂ ਸੈਸ਼ਨ(2013-14) ਦੌਰਾਨ ਮੰਨਣ ਯੋਗ ਨਹੀਂ ਹੋਵੇਗੀ।

8. (ੳ) ਜਿਹੜਾ ਵਿਦਿਆਰਥੀ ਕਿਸੇ ਹੋਰ ਸਕੂਲ ਵਿੱਚ ਪਹਿਲਾਂ ਦਾਖਲ ਹੋ ਚੁੱਕਾ ਹੈ ਅਤੇ ਉਹ ਸਕੂਲ ਬਦਲਣਾ ਚਾਹੁੰਦਾ ਹੈ, ਉਸ ਨੂੰ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਦੇ ਦਰਮਿਆਨ ਸਕੂਲ ਤੋਂ ਸਕੂਲ ਮਾਈਗਰੇਸ਼ਨ ਦੀ ਜ਼ਰੂਰਤ ਨਹੀਂ। ਦਾਖਲਾ ਮਿਤੀਆਂ ਲੰਘਣ ਤੋਂ ਬਾਅਦ ਆਪਣੀ ਸੰਸਥਾ ਵਿੱਚ ਬੋਰਡ ਵੱਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਿਨਾਂ ਕਿਸੇ ਵਿਦਿਆਰਥੀ ਨੂੰ ਦਾਖਲ ਨਾ ਕੀਤਾ ਜਾਵੇ। ਜਿਸ ਵਿਦਿਆਰਥੀ ਨੇ ਸਰਕਾਰੀ/ਏਡਿਡ/ਐਫੀਲੀਏਟਿਡ/ਐਸੋਸੀਏਟਿਡ ਸਕੂਲ (ਪੰਜਾਬ ਸਕੂਲ ਸਿੱਖਿਆ ਬੋਰਡ) ਤੋਂ ਗਿਆਰਵੀਂ ਸ਼੍ਰੇਣੀ ਪਾਸ ਕੀਤੀ ਹੈ ਅਤੇ ਉਸ ਦੇ ਸਕੂਲ ਛੱਡਣ ਵਾਲੇ ਸਰਟੀਫਿਕੇਟ ਤੇ ਉਸ ਦਾ ਰਜਿ: ਨੰ ਦਰਜ ਹੈ, ਉਹ ਕਿਸੇ ਵੀ ਸਕੂਲ ਵਿੱਚ ਬਾਰ੍ਹਵੀਂ ਸ਼੍ਰੇਣੀ ਵਿਚ ਦਾਖਲੇ ਲਈ ਯੋਗ ਹੈ।

(ਅ) ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ 31 ਦਸੰਬਰ ਤੱਕ 1000/- ਰु: ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ 1500/- ਰੁ: ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਫਾਰਮ ਦੋਵੇਂ ਸਕੂਲ ਮੁਖੀਆਂ ਤੋਂ ਤਸਦੀਕ ਕਰਵਾਉਣਗੇ। ਬੋਰਡ ਵੱਲੋਂ ਸਕੂਲ ਤੋਂ ਸਕੂਲ ਮਾਈਗਰੇਸ਼ਨ ਸਰਟੀਫਿਕੇਟ ਜਾਰੀ ਹੋਣ ਉਪਰੰਤ ਹੀ ਪਹਿਲੇ ਸਕੂਲ ਵੱਲੋਂ ਸਕੂਲ ਛੱਡਣ ਦਾ ਟਰਾਂਸਫਰ ਸਰਟੀਫਿਕੇਟ ਜਾਰੀ ਕੀਤਾ ਜਾਵੇ।

9. ਕਈ ਸਕੂਲ ਮੁੱਖੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨਾਂ ਭੇਜਣ ਤੋਂ ਪਿਛੋਂ ਵੀ ਵਿਦਿਆਰਥੀ ਦਾਖਲ ਕਰ ਲੈਂਦੇ ਹਨ ਅਤੇ ਰਿਟਰਨ ਨਹੀਂ ਭੇਜਦੇ। ਸਕੂਲ ਮੁੱਖੀ ਇਹ ਯਕੀਨੀ ਬਣਾਉਣ ਕਿ:-

(ੳ) ਵਿਦਿਆਰਥੀਆਂ ਨੂੰ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਜਾਰੀ ਕੀਤੇ ਦਾਖਲਾ ਮਿਤੀਆਂ ਦੇ ਸ਼ਡਿਊਲ ਅਨੁਸਾਰ ਦਾਖਲ ਕੀਤਾ ਜਾਵੇ। ਮਿਥੀ ਦਾਖਲੇ ਦੀ ਮਿਤੀ ਤੋਂ ਪਿਛੋਂ ਕੋਈ ਵੀ ਵਿਦਿਆਰਥੀ ਆਪਣੇ ਪੱਧਰ ਤੇ ਦਾਖਲ ਨਾ ਕੀਤਾ ਜਾਵੇ।

(ਅ) ਦਾਖਲ ਕੀਤੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ ਬੋਰਡ ਨੂੰ ਜ਼ਰੂਰ ਭੇਜੀ ਜਾਵੇ। ਅਜਿਹਾ ਨਾ ਕਰਨ ਦੀ ਹਾਲਤ ਵਿੱਚ ਸਾਰੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

10. ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਰਜਿ: ਨੰ ਨਾ ਲਗਾਇਆ ਜਾਵੇ।

11. ਰਜਿਸਟਰੇਸ਼ਨ ਰਿਟਰਨ ਤਿਆਰ ਕਰਦੇ ਸਮੇਂ ਬੋਰਡ ਵਲੋਂ ਸਕੂਲ ਨੂੰ ਜਾਰੀ ਕੀਤੇ ਸ਼ਨਾਖਤੀ ਨੰਬਰ ਅਤੇ ਸਕੂਲ ਕੋਡ ਦੋਨੋਂ ਜ਼ਰੂਰ ਲਿਖੇ ਜਾਣ।

12. ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਬੋਰਡ ਵਲੋਂ ਪ੍ਰਵਾਨਿਤ ਗਰੁੱਪਾਂ ਅਨੁਸਾਰ ਹੀ ਦਾਖਲਾ ਦਿੱਤਾ ਜਾਵੇ। (ਜਿਥੇ ਲਾਗੂ ਹੋਵੇ)

13. **ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ/ਫੀਸ ਜਮ੍ਹਾਂ ਕਰਵਾਉਣ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਹਨ:-**

| | |
|---|---|
| ਮੁੱਖ ਰਿਟਰਨ ਬਿਨਾਂ ਲੇਟ ਫੀਸ | ਮਿਤੀ- 24-05-2013 ਤੱਕ |
| ਮੁੱਖ ਰਿਟਰਨ 100/- ਰੁ. ਲੇਟ ਫੀਸ ਪ੍ਰਤੀ ਵਿਦਿਆਰਥੀ ਅਤੇ 2000/- ਰੁ. ਜੁਰਮਾਨਾ ਰਾਸ਼ੀ ਸਹਿਤ | ਮਿਤੀ- 31-05-2013 ਤੱਕ |
| ਇੱਕ ਤੋਂ ਤਿੰਨ ਵਿਦਿਆਰਥੀਆਂ ਤੱਕ ਦੀ ਸਪਲੀਮੈਂਟਰੀ ਰਿਟਰਨ 100/-ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ 500/-ਰੁ. ਜੁਰਮਾਨਾ ਰਾਸ਼ੀ ਸਾਹਿਤ | ਮਿਤੀ- 31-05-2013 ਤੱਕ |

ਉਪਰੋਕਤ ਆਖਰੀ ਮਿਤੀਆਂ ਪਿੱਛੋਂ ਜੇਕਰ ਕਿਸੇ ਸਕੂਲ ਦੀ ਰਿਟਰਨ ਪ੍ਰਾਪਤ ਹੁੰਦੀ ਹੈ ਤਾਂ ਉਸ ਸਕੂਲ ਤੋਂ ਨਿਰਧਾਰਤ ਫੀਸ ਤੋਂ ਇਲਾਵਾ ਵੱਧ ਜੁਰਮਾਨਾ ਰਾਸ਼ੀ ਮਾਨਯੋਗ ਚੇਅਰਮੈਨ ਸਾਹਿਬ ਦੇ ਆਦੇਸ਼ ਅਨੁਸਾਰ ਚਾਰਜ ਕੀਤੀ ਜਾਵੇਗੀ।

**ਰਜਿਸਟਰੇਸ਼ਨ/ਕੰਟੀਨਿਊਏਸ਼ਨ ਸਬੰਧੀ ਪੱਤਰ ਅਤੇ ਫਾਰਮ ਨੰਬਰ T-1 ਬੋਰਡ ਦੀ ਵੈਬ ਸਾਈਟ www.pseb.ac.in/Registration Section ਤੇ ਉਪਲੱਬਧ ਹਨ।**

ਡਾਇਰੈਕਟਰ (ਕੰਪਿ. ਸੈੱਲ)
ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ